# ਦਫਤਰ ਡਾਇਰੈਕਟਰ ਸਿਖਿਆ ਵਿਭਾਗ(ਐਲੀ:ਸਿ:)ਪੰਜਾਬ
## ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ,ਫੇਜ8, ਐਸ.ਏ.ਐਸ. ਨਗਰ
## (ਸਪੋਰਟਸ ਸ਼ਾਖਾ)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ:ਸਿ:)
ਸਹਾਇਕ ਸਿੱਖਿਆ ਅਫਸਰ (ਖੇਡਾਂ),

ਮੀਮੋ ਨੰ:2/3-2019 ਸਪੋਰਟਸ
ਮਿਤੀ ਐਸ.ਏ.ਐਸ.ਨਗਰ:-06-11-2019

ਵਿਸ਼ਾ:- ਰਾਜ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ 2019-20 ਕਰਵਾਉਣ ਸਬੰਧੀ ਹਦਾਇਤ ਜਾਰੀ ਕਰਨ ਬਾਰੇ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸਮੂਹ ਜਿਲਾ ਸਿੱਖਿਆ ਅਫਸਰ(ਐ.ਸਿ:), ਸਹਾਇਕ ਸਿੱਖਿਆ ਅਫਸਰ(ਖੇਡਾਂ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਰਾਜ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ (2019-20) ਕਰਵਾਉਣ ਸਬੰਧੀ ਹੇਠ ਲਿਖੀਆਂ ਹਦਾਇਤਾਂ ਦੀ ਇਨ-ਬਿਨ ਪਾਲਣਾ ਕੀਤੀ ਜਾਵੇ।

1. ਰਾਜ ਪੱਧਰੀ ਪ੍ਰਾਇਮਰੀ ਖੇਡਾਂ (2019-20) ਮਿਤੀ 15-11-2019 ਤੋਂ 19-11-2019 ਤੱਕ ਸੰਗਰੂਰ ਵਿਖੇ ਹੋ ਰਹੀਆਂ ਹਨ।
2. ਹਰੇਕ ਜਿਲ੍ਹੇ ਦੀ ਟੀਮ 15-11-2019 ਨੂੰ ਸੰਗਰੂਰ ਵਿਖੇ ਸ਼ਾਮ 5 ਵੱਜੇ ਤੱਕ ਪਹੁੰਚਣਾ ਯਕੀਨੀ ਬਣਾਉਣਗੇ।ਟੀਮਾਂ ਨੂੰ ਸ਼ਾਮ ਦਾ ਖਾਣਾ ਸੰਗਰੂਰ ਵਿਖੇ ਹੀ ਦਿੱਤਾ ਜਾਵੇਗਾ।
3. ਹਰੇਕ ਜਿਲ੍ਹਾ ਸੰਗਰੂਰ ਵਿਖੇ ਭੇਜੀਆਂ ਜਾਣ ਵਾਲੀਆਂ ਟੀਮਾਂ ਦੀ ਆਨ ਲਾਈਨ ਐਂਟਰੀ ਆਪਣੇ ਜਿਲ੍ਹੇ ਤੋਂ ਮਿਤੀ 10-11-2019 ਤੋਂ 13-11-2019 ਤੱਕ ਕਰਵਾਉਣੀ ਯਕੀਨੀ ਬਣਾਉਣਗੇ।
4. ਉਦਘਾਟਨ ਸਮਾਰੋਹ ਮਿਤੀ 16-11-2019 ਨੂੰ 11:00 ਵੱਜੇ ਹੋਵੇਗਾ। ਜਿਸ ਵਿੱਚ ਸਾਰੇ ਜਿਲ੍ਹਿਆਂ ਦੀਆਂ ਟੀਮਾਂ ਦਾ ਸਪੋਰਟਸ ਯੂਨੀਫਾਰਮ ਵਿੱਚ ਭਾਗ ਲੈਣਾ ਜਰੂਰੀ ਹੈ।
5. ਵਿਭਾਗ ਵੱਲੋਂ ਸਾਰੇ ਜਿਲ੍ਹਿਆਂ ਦੇ ਡੀ.ਈ.ਓ.(ਐਲੀ.ਸਿ:) ਨੂੰ ਇਨ੍ਹਾਂ ਖੇਡਾਂ ਸਬੰਧੀ 2,50,000/-ਰੁਪਏ ਦੇ ਫੰਡ ਭੇਜ ਦਿੱਤੇ ਗਏ ਹਨ।ਡੀ.ਈ.ਓ.(ਐਲੀ.ਸਿ:) ਵਿਭਾਗੀ ਨਿਯਮਾਂ

ਅਨੁਸਾਰ ਬੂਟ, ਖੇਡ ਕਿੱਟ,ਟ੍ਰੈਕ ਸੂਟ,ਬੱਚੇ ਦੇ ਸਾਇਜ਼ ਅਨੁਸਾਰ ਪਹਿਲਾ ਵਾਂਗ ਖਰੀਦ ਕੇ ਆਪਣੇ ਜਿਲ੍ਹੇ ਦੇ ਖਿਡਾਰੀਆਂ ਨੂੰ ਦੇਣਗੇ।

6. 18-11-2019 ਨੂੰ ਸਮਾਪਤੀ ਸਮਾਰੋਹ ਕਰਵਾਇਆ ਜਾਵੇਗਾ।ਸਮਾਗਮ ਤੋਂ ਪਹਿਲਾ ਕੋਈ ਵੀ ਜਿਲ੍ਹਾ ਆਪਣੀਆਂ ਟੀਮਾਂ ਨੂੰ ਵਾਪਿਸ ਨਹੀਂ ਲੈ ਕੇ ਜਾਵੇਗਾ ਸਾਰੀਆਂ ਟੀਮਾਂ ਦੀ ਵਾਪਸੀ ਮਿਤੀ 19-11-2019 ਨੂੰ ਸਵੇਰ ਦੇ ਨਾਸ਼ਤੇ ਤੋਂ ਬਾਅਦ ਕੀਤੀ ਜਾਵੇਗੀ।

7. ਸੰਗਰੂਰ ਜਿਲ੍ਹੇ ਦੇ ਡੀ.ਈ.ਓ. (ਐਲੀ.ਸਿ.) ਇਹ ਨਿਸ਼ਚਿਤ ਕਰਨਗੇ ਕਿ ਬਾਹਰੋਂ ਆਏ ਖਿਡਾਰੀਆਂ ਨੂੰ ਸਾਫ-ਸੁਥਰਾ ਬਿਸਤਰਾ ਮੁਹੱਈਆਂ ਕਰਵਾਇਆ ਜਾਵੇ। ਜਿਹੜੇ ਸਕੂਲਾਂ ਵਿੱਚ ਰਿਹਾਇਸ਼ ਹੋਵੇ ਉਸਦੀ ਸਫਾਈ,ਲਾਈਟ, ਬਾਥਰੂਮ, ਅਤੇ ਮੈਡੀਕਲ ਆਦਿ ਦਾ ਪ੍ਰਬੰਧ ਸਹੀ ਅਤੇ ਵਧੀਆਂ ਹੋਏ।

8. ਸੰਗਰੂਰ ਵਿਖੇ ਪ੍ਰਾਇਮਰੀ ਪੱਧਰ ਤੇ 15 ਖੇਡਾਂ ਕਰਵਾਈਆਂ ਜਾ ਰਹੀਆਂ ਹਨ ਛੋਟੇ ਬੱਚਿਆਂ ਨੂੰ ਦੇਖਦੇ ਹੋਏ ਇਹ ਧਿਆਨ ਵਿੱਚ ਰੱਖਿਆ ਜਾਵੇ ਕਿ ਖਿਡਾਰੀਆਂ ਦੀ ਰਿਹਾਇਸ਼ ਦਾ ਪ੍ਰਬੰਧ ਖੇਡ ਗਰਾਉਂਡ ਦੇ ਨੇੜੇ ਹੋਵੇ ਸਾਰੇ ਡੀ.ਈ.ਓ.(ਐਲੀ.ਸਿ:) ਆਪਣੇ ਜਿਲ੍ਹੇ ਦੀਆਂ ਲੜਕੀਆਂ ਦੀਆਂ ਟੀਮਾਂ ਨਾਲ ਲੇਡੀ ਸਟਾਫ ਦਾ ਭੇਜਣਾ ਯਕੀਨੀ ਬਣਾਉਣਗੇ।

9. ਸਾਰੇ ਜਿਲ੍ਹੇ ਖਿਡਾਰੀਆਂ ਦੇ ਲੋੜੀਂਦੇ ਦਸਤਾਵੇਜ਼ ਨਾਲ ਲੈ ਕੇ ਆਉਣਗੇ।

10. ਸਾਰੇ ਜਿਲਿਆਂ ਦੇ ਫਲੈਗ ਜਿਲਾ ਸਿੱਖਿਆ ਅਫਸਰ(ਐ.ਸਿ.)ਸੰਗਰੂਰ ਵੱਲੋਂ ਤਿਆਰ ਕੀਤੇ ਜਾਣਗੇ ।

11. ਸਾਰੇ ਖਿਡਾਰੀਆਂ ਦੀ. ਪਲੇਇੰਗ ਕਿੱਟ ਤੇ ਨੰਬਰ ਲਿਖੇ ਹੋਣੇ ਚਾਹੀਦੇ ਹਨ।

12. ਸਾਰੇ ਖਿਡਾਰੀਆਂ ਦੇ ਟਰੈਕਸੂਟ ਅਤੇ ਪਲੇਇੰਗ ਕਿੱਟ ਦਾ ਕਲਰ ਉਨ੍ਹਾਂ ਦੇ ਜਿਲੇ ਨੂੰ ਅਲਾਟ ਕੀਤੇ ਕਲਰ ਅਨੁਸਾਰ ਇਕੋ ਜਿਹਾ ਹੋਵੇਗਾ ।

13. ਸਾਰੀਆਂ ਬੱਸਾਂ ਦੇ ਡਰਾਇਵਰਾਂ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਹਰ ਸਮੇਂ ਆਪਣੀ ਬੱਸ ਕੋਲ ਹੀ ਰਹਿਣਗੇ ਤਾਂ ਜੋ ਖਿਡਾਰੀਆਂ ਨੂੰ ਗਰਾਉਂਡ ਤੱਕ ਜਾਣ ਲਈ ਕੋਈ ਮੁਸ਼ਕਿਲ ਪੇਸ਼ ਨਾ ਆਵੇ ।

14. ਸਾਰੇ ਜਿਲਾ ਸਿੱਖਿਆ ਅਫਸਰ(ਐ.ਸਿ.) ਇਸ ਗੱਲ ਦਾ ਧਿਆਨ ਰੱਖਣ ਕਿ ਛੋਟੇ ਬੱਚੇ ਹੋਣ ਕਾਰਣ ਬੱਸਾਂ ਵੀ ਛੋਟੀਆਂ ਹੀ ਕੀਤੀਆਂ ਜਾਣ, ਤਾਂ ਜੋ ਖਿਡਾਰੀਆਂ ਨੂੰ ਬੱਸਾਂ ਤੇ ਚੜ੍ਹਣ ਉਤਰਨ ਵਿਚ ਕੋਈ ਮੁਸ਼ਕਿਲ ਪੇਸ਼ ਨਾ ਆਵੇ ।

15. ਸਾਰੇ ਜਿਲਾ ਸਿੱਖਿਆ ਅਫਸਰ ਖਿਡਾਰੀਆਂ ਦੇ ਟਰੈਕ ਸੂਟ,ਪਲੇਇੰਗ ਕਿੱਟਾਂ ਉਨ੍ਹਾਂ ਨੂੰ ਅਲਾਟ ਕੀਤੇ ਕਲਰ ਕੋਡ ਅਨੁਸਾਰ ਹੀ ਖਰੀਦਣਗੇ।

16. ਸਮੂਹ ਜਿਲਾ ਸਿੱਖਿਆ ਅਫਸਰ/ਏ.ਈ.ਓਜ਼ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਨੈਸ਼ਨਲ ਪ੍ਰੀ-ਕੋਚਿੰਗ ਕੈਂਪ ਅਤੇ ਸਟੇਟ ਪੱਧਰ ਤੇ ਹੋਣ ਵਾਲੀਆਂ ਖੇਡਾਂ ਦੌਰਾਨ (ਪ੍ਰਾਇਮਰੀ ਸਕੂਲ ਖੇਡਾਂ ਨੂੰ ਛੱਡ ਕੇ) ਖਿਡਾਰੀਆਂ ਨੂੰ ਹੇਠ ਲਿਖੇ ਮੈਨਯੂ ਅਨੁਸਾਰ ਖਾਣਾ ਦੇਣਾ ਯਕੀਨੀ ਬਣਾਇਆ ਜਾਵੇ:-

| ਲੜੀ ਨੰ: | ਖਾਣੇ ਦੀ ਕਿਸਮ | ਸੋਮਵਾਰ | ਮੰਗਲਵਾਰ | ਬੁੱਧਵਾਰ | ਵੀਰਵਾਰ | ਸ਼ੁੱਕਰਵਾਰ | ਸ਼ਨੀਵਾਰ | ਐਤਵਾਰ |
|---|---|---|---|---|---|---|---|---|
| 1 | ਸਵੇਰ ਦੀ ਚਾਹ | ਚਾਹ+ ਬਿਸਕੁਟ | ਚਾਹ+ ਬਿਸਕੁਟ | ਚਾਹ+ ਬਿਸਕੁਟ | ਚਾਹ+ ਬਿਸਕੁਟ | ਚਾਹ+ ਬਿਸਕੁਟ | ਚਾਹ+ ਬਿਸਕੁਟ | ਚਾਹ+ ਬਿਸਕੁਟ |
| 2 | ਸਵੇਰ ਦਾ ਨਾਸ਼ਤਾ | ਦਲੀਆ+ ਦੁੱਧ+2 ਅੰਡੇ/ਕੇਲੇ | ਪਰਾਂਠੇ+ ਦਹੀ+ ਮੱਖਣ+ ਦੁੱਧ | ਦਲੀਆ+ ਦੁੱਧ+2 ਅੰਡੇ/ ਕੇਲੇ | ਪਰਾਂਠੇ+ ਦਹੀ+ ਮੱਖਣ+ ਦੁੱਧ | ਦਲੀਆ+ ਦੁੱਧ+2 ਅੰਡੇ/ਕੇਲੇ | ਪਰਾਂਠੇ+ ਦੁੱਧ+2 ਅੰਡੇ/ਕੇਲੇ | ਪੂਰੀਆਂ ਛੋਲੇ+ ਹਵਲਾ+ ਦੁੱਧ |
| 3 | ਦੁਪਹਿਰ ਦਾ ਖਾਣਾ | ਚਿੱਟੇ ਛੋਲੇ +ਦਹੀ+ ਚਾਵਲ+ ਰੋਟੀ+ ਸਲਾਦ | ਨਿਊਟਰੀ ਆਲੂ+ ਦਹੀ+ ਚਾਵਲ+ ਰੋਟੀ+ ਸਲਾਦ | ਕਾਲੇ ਛੋਲੇ+ ਦਹੀ+ ਚਾਵਲ+ਰੋਟੀ + ਸਲਾਦ | ਕੜੀ+ ਚਾਵਲ+ ਰੋਟੀ+ ਸਲਾਦ | ਆਲੂ ਪਕੋੜੇ+ ਦਹੀ+ ਰੋਟੀ+ ਚਾਵਲ+ ਸਲਾਦ | ਰਾਜਮਾ ਆਲੂ+ ਦਹੀ+ ਰੋਟੀ+ ਚਾਵਲ+ ਸਲਾਦ | ਦਾਲ+ ਚਾਵਲ+ ਰੋਟੀ+ ਦਹੀ+ ਸਲਾਦ |
| 4 | ਸ਼ਾਮ ਦੀ ਚਾਹ | ਚਾਹ+ ਬਿਸਕੁਟ | ਚਾਹ+ ਬਿਸਕੁਟ | ਚਾਹ+ ਬਿਸਕੁਟ | ਚਾਹ+ ਬਿਸਕੁਟ | ਚਾਹ+ ਬਿਸਕੁਟ | ਚਾਹ+ ਬਿਸਕੁਟ | ਚਾਹ+ ਬਿਸਕੁਟ |
| 5 | ਰਾਤ ਦਾ ਖਾਣਾ | ਰੋਟੀ+ ਨਾਨਵੈਜ਼/ ਪਨੀਰ+ ਸਵੀਟ ਡਿਸ਼ (ਸੇਵੀਆਂ, ਕਸਟਡ) +ਦੁੱਧ 250 ਗ੍ਰਾਂਮ | ਕੋਈ ਮੌਸਮੀ ਸਬਜ਼ੀ+ ਦਾਲ+ ਸਵੀਟ ਡਿਸ਼ (ਸੇਵੀਆਂ, ਕਸਟਡ) +ਦੁੱਧ 250 ਗ੍ਰਾਂਮ | ਰੋਟੀ+ ਨਾਨਵੈਜ਼ /ਪਨੀਰ+ ਸਵੀਟ ਡਿਸ਼ (ਸੇਵੀਆਂ, ਕਸਟਡ) +ਦੁੱਧ 250 ਗ੍ਰਾਂਮ | ਰੋਟੀ+ ਮੌਸਮੀ ਸਬਜ਼ੀ+ ਦਾਲ+ ਸਵੀਟ ਡਿਸ਼ (ਸੇਵੀਆਂ, ਕਸਟਡ) +ਦੁੱਧ 250 ਗ੍ਰਾਂਮ | ਰੋਟੀ+ ਨਾਨਵੈਜ਼/ ਪਨੀਰ+ ਸਵੀਟ ਡਿਸ਼ (ਸੇਵੀਆਂ, ਕਸਟਡ) +ਦੁੱਧ 250 ਗ੍ਰਾਂਮ | ਰੋਟੀ+ ਨਾਨਵੈਜ਼/ ਪਨੀਰ+ ਸਵੀਟ ਡਿਸ਼ (ਸੇਵੀਆਂ ,ਕਸਟਡ) +ਦੁੱਧ 250 ਗ੍ਰਾਂਮ | ਰੋਟੀ+ ਅੰਡੇ ਕਹੜੀ/ ਮਟਰ/ ਪਨੀਰ ਸਵੀਟ ਡਿਸ਼ (ਸੇਵੀਆਂ ,ਕਸਟਡ) +ਦੁੱਧ 250 ਗ੍ਰਾਂਮ |

ਡਿਪਟੀ ਡਾਇਰੈਕਟਰ (ਫਿਜੀ.ਐਜੂ:)